# Heritage Gurdwara Centenary
# National Historic Site Gur Sikh Temple, Abbotsford, BC

ਪਰੈਸ ਨੋਟ:

**ਸਨ 1911 ਵਿੱਚ ਸਥਾਪਤ ਹੋਏ ਰਾਸ਼ਟਰੀ ਇਤਿਹਾਸਿਕ ਸਥਾਨ ਗੁਰ ਸਿੱਖ ਟੈਂਪਲ ਦਾ ਸ਼ਤਾਬਦੀ ਸਾਲ।**

ਸਨ 1908 ਤੋਂ 1911 ਤੱਕ ਇੰਡੀਆ ਤੋ ਆਉਣ ਵਾਲੇ ਦ੍ਰਿੜ ਸਿੱਖ ਪਾਇਨੀਅਰ ਪਰਵਾਸੀਆਂ ਨੇ ਐਬਟਸਫੋਰਡ ਬੀ ਸੀ ਵਿੱਚ ਇਕ ਗੁਰਦਵਾਰਾ ਸਾਹਿਬ ਬਣਾਇਆ। ਇਸ ਗੁਰਦਵਾਰਾ ਸਾਹਿਬ ਵਿੱਚ ਵਰਤੀ ਜਾਣ ਵਾਲੀ ਲੱਕੜ ਉਸ ਆਰਾ ਮਿੱਲ ਦੇ ਮਾਲਕ ਵਲੋਂ ਦਾਨ ਦਿਤੀ ਗਈ ਜਿੱਥੇ ਬਹੁਤ ਸਾਰੇ ਪਰਵਾਸੀ ਕੰਮ ਕਰਦੇ ਸਨ।

ਇਸ ਦਾ ਬਾਹਰਲਾ ਰੂਪ-ਇੱਕ ਲਕੜੀ ਫਰੇਮ ਦੀ ਬਿਲਡਿੰਗ ਜਿਸ ਦਾ ਦਿਖਾਵਟੀ ਅਗਲਾ ਹਿੱਸਾ ਅਤੇ ਤਿਕੋਣੀ ਛੱਤ ਉਹੋ ਜਿਹੀਆਂ ਬਿਲਡਿੰਗਾਂ ਵਰਗੀ ਸੀ ਜੋ ਹੋਰ ਬਹੁਤ ਸਾਰੇ ਫਰੰਟੀਅਰ ਟਾਊਨਜ਼ ਦੀਆਂ ਬਹੁਤ ਸਾਰੀਆਂ ਬਿਲਡਿੰਗਾ ਦਾ ਹੁੰਦਾ ਸੀ। ਫਿਰ ਭੀ ਇਸ ਦਾ ਅੰਦਰਲਾ ਹਿੱਸਾ ਸਿੱਖ ਰਵਾਇਤਾਂ ਅਤੇ ਧਾਰਮਕ ਵਿਸ਼ਵਾਸਾਂ ਅਨੁਸਾਰ ਸੀ। ਗੁਰਦਵਾਰਾ ਸਾਹਿਬ ਦੀਆਂ ਦੋ ਛੱਤਾਂ ਸਨ। ਦੂਸਰੀ ਛੱਤ ਤੇ ਪਰਾਰਥਨਾ ਕਮਰੇ ਵਿੱਚ ਪਵਿੱਤਰ ਸ੍ਰੀ ਗੁਰੁ ਗਰੰਥ ਸਾਹਿਬ ਦਾ ਪਰਕਾਸ਼ ਹੁੰਦਾ ਸੀ ਅਤੇ ਦਰੀ ਉੱਪਰ ਚੌਂਕੜੀ ਮਾਰ ਕੇ ਬੈਠਣ ਵਾਲੇ ਸ਼ਰਧਾਲੂਆਂ ਲਈ ਖੁੱਲਾ ਸਥਾਨ ਸੀ ਜਦੋਂ ਕਿ ਹੇਠਲੇ ਫਰਸ਼ ਤੇ ਸੰਗਤ ਦਾ ਕਿਚਨ ਅਤੇ ਲੰਗਰ ਹਾਲ ਸੀ ਜਿੱਥੇ ਭੋਜਨ ਤਿਆਰ ਕੀਤਾ ਜਾਂਦਾ ਸੀ ਅਤੇ ਛਕਿਆ ਜਾਂਦਾ ਸੀ ਜਿਸ ਨਾਲ ਛਕਣ ਵਾਲਿਆ ਦੀ ਬਰਾਬਰਤਾ ਸਿੱਧ ਹੁੰਦੀ ਸੀ।

ਹੁਣ ਸੌ ਸਾਲ ਬਾਅਦ ਐਬਟਸਫੋਰਡ ਦੀ ਸੰਗਤ ਨੂੰ ਇਹ ਮਾਨ ਹੈ ਕਿ 2011 ਨੂੰ ਰਾਸ਼ਟਰੀ ਇਤਿਹਾਸਿਕ ਸਥਾਨ ਗੁਰ ਸਿਖ ਟੈਂਪਲ ਦਾ ਸ਼ਤਾਬਦੀ ਸਾਲ ਮਨਾ ਰਹੇ ਹਾਂ। ਸਾਲ 2007 ਵਿਚ ਇਸ ਗੁਰਦਵਾਰੇ ਨੂੰ ਨੈਸ਼ਨਲ ਇਤਿਹਾਸਿਕ ਸਥਾਨ ਦਾ ਦਰਜਾ ਦਿੱਤਾ ਗਿਆ ਸੀ ਜਦੋਂ ਕਿ ਇਹ ਗੁਰਦਵਾਰਾ ਨਾਰਥ ਅਮਰੀਕਾ ਵਿਚ ਸਭ ਤੋਂ ਪੁਰਾਣਾ ਮੰਨਿਆ ਗਿਆ ਸੀ।

ਸਨ 2011 ਵਿਚ ਸਾਰਾ ਸਾਲ ਹੀ ਸੰਗਤ ਸਾਰੀ ਕਮਿਊਨਿਟੀ ਦਾ ਇਤਿਹਾਸ ਅਤੇ ਗੁਰਦਵਾਰਾ ਸਾਹਿਬ ਦੀ ਮਹਾਨਤਾ ਸਵੀਕਾਰ ਕਰਦਿਆਂ ਹੋਇਆਂ ਵਿਸੇਸ਼ ਦਿਵਸ ਮਨਾਏ ਜਾਣਗੇ। ਅਸੀਂ ਆਪ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਇੱਸ ਸਮੇ ਵੱਧ ਤੋ ਵੱਧ ਪਰੋਗਰਾਮਾਂ ਵਿਚ ਸ਼ਾਮਲ ਹੋਣ ਦੀ ਕਿਰਪਾਲਤਾ ਕਰੋ। ਸਾਰੇ ਪਰੋਗਰਾਮਾਂ ਦਾ ਪੂਰਾ ਵੇਰਵਾ ਲੈਣ ਲਈ ਇਸ ਵੈਬ ਸਾਈਟ ਤੇ ਜਾਓ www.ufv.ca/cics/centennial. ਹੋਰ ਜਾਣਕਾਰੀ ਲੈਣ ਲਈ ਤੁਸੀਂ ਇਸ ਵੈਬਸਾਈਟ ਤੇ ਜਾ ਸਕਦੇ ਹੋ: www.canadiansikhheritage.ca

## Supporters


Centre for Indo Canadian Studies
University of the Fraser Valley
33844 King Road
Abbotsford, BC V2S 7M8
Phone: (604) 854-4547
www.ufv.ca/cics/centennial

Khalsa Diwan Society
33094 South Fraser Way
Abbotsford, BC V2S 2A9
Phone: (604) 850-7338
www.canadiansikhheritage.ca

The Reach Gallery Museum Abbotsford
32388 Veterans Way
Abbotsford, BC V2T 0B3
Phone: (604) 864-8087
www.thereach.ca